ਮਿੱਠੇ ਬੱਚੇ:- "ਮਿੱਠੇ ਬੱਚੇ :- ਆਗਿਆਕਾਰੀ ਬਣੋ, ਬਾਪ ਦੀ ਪਹਿਲੀ ਆਗਿਆ ਹੈ - ਆਪਣੇ ਨੂੰ ਆਤਮਾ ਸਮਝ ਬਾਪ ਨੂੰ ਯਾਦ ਕਰੋ"

ਪ੍ਰਸ਼ਨ:- ਆਤਮਾ ਰੂਪੀ ਬਰਤਨ ਅਸ਼ੁੱਧ ਕਿਉਂ ਹੋਇਆ ਹੈ? ਉਸਨੂੰ ਸ਼ੁੱਧ ਬਣਾਉਣ ਦਾ ਸਾਧਨ ਕੀ ਹੈ?

ਉੱਤਰ:- ਵਾਹਯਾਤ ਗੱਲਾਂ ਨੂੰ ਸੁਣਦੇ ਅਤੇ ਸੁਣਾਉਂਦੇ ਆਤਮਾ ਰੂਪੀ ਬਰਤਨ ਅਸ਼ੁੱਧ ਬਣ ਗਿਆ ਹੈ। ਇਸਨੂੰ ਸ਼ੁੱਧ ਬਣਾਉਣ ਦੇ ਲਈ ਬਾਪ ਦਾ ਫਰਮਾਨ ਹੈ ਹਿਅਰ ਨੋ ਇਵਿਲ, ਸੀ ਨੋ ਏਵਿਲ … ਇੱਕ ਬਾਪ ਕੋਲੋਂ ਸੁਣੋ, ਬਾਪ ਨੂੰ ਹੀ ਯਾਦ ਕਰੋ ਤਾਂ ਆਤਮਾ ਰੂਪੀ ਬਰਤਨ ਸ਼ੁੱਧ ਹੋ ਜਾਏਗਾ। ਆਤਮਾ ਅਤੇ ਸ਼ਰੀਰ ਦੋਵੇਂ ਪਾਵਨ ਬਣ ਜਾਣਗੇ।

ਗੀਤ:- ਜੋ ਪਿਆ ਕੇ ਸਾਥ ਹੈ...

ਓਮ ਸ਼ਾਂਤੀ। ਓਮ ਸ਼ਾਂਤੀ ਦਾ ਅਰਥ ਤਾਂ ਬੱਚਿਆਂ ਨੇ ਸਮਝਿਆ ਹੋਇਆ ਹੈ। ਬੱਚਿਆਂ ਨੂੰ ਘੜੀ - ਘੜੀ ਪੁਆਇੰਟ ਦਿੱਤੀ ਜਾਂਦੀ ਹੈ। ਜਿਵੇਂ ਬਾਰ- ਬਾਰ ਕਿਹਾ ਜਾਂਦਾ ਹੈ ਬਾਪ ਅਤੇ ਵਰਸੇ ਨੂੰ ਯਾਦ ਕਰੋ। ਇੱਥੇ ਕਿਸੇ ਮਨੁੱਖ ਦੀ ਯਾਦ ਨਹੀਂ ਹੈ। ਮਨੁੱਖ, ਮਨੁੱਖ ਦੀ ਜਾਂ ਕਿਸੇ ਦੇਵਤਾ ਦੀ ਯਾਦ ਦਵਾਉਣਗੇ। ਪਾਰਲੌਕਿਕ ਬਾਪ ਦੀ ਯਾਦ ਕੋਈ ਦਵਾ ਨਾ ਸਕੇ ਕਿਓਂਕੀ ਬਾਪ ਨੂੰ ਕੋਈ ਜਾਣਦੇ ਨਹੀਂ। ਇੱਥੇ ਤੁਹਾਨੂੰ ਘੜੀ - ਘੜੀ ਕਿਹਾ ਜਾਂਦਾ ਹੈ ਆਪਣੇ ਨੂੰ ਆਤਮਾ ਸਮਝ ਬਾਪ ਨੂੰ ਯਾਦ ਕਰੋ। ਜਿਵੇਂ ਬਾਪ ਨੂੰ ਬੱਚੇ ਹੁੰਦੇ ਹਨ ਤਾਂ ਸਭ ਸਮਝ ਸਕਦੇ ਹਨ ਇਹ ਬਾਪ ਤੋਂ ਵਰਸਾ ਲੈਣ ਆਇਆ ਹੈ। ਫਿਰ ਉਹਨਾਂ ਨੂੰ ਬਾਪ ਅਤੇ ਵਰਸਾ ਯਾਦ ਰਹਿੰਦਾ ਹੈ। ਇੱਥੇ ਵੀ ਇਵੇਂ ਹੈ। ਜਰੂਰ ਬੱਚੇ ਬਾਪ ਨੂੰ ਜਾਣਦੇ ਨਹੀਂ ਹਨ ਇਸਲਈ ਬਾਪ ਨੂੰ ਆਉਣਾ ਪੈਂਦਾ ਹੈ। ਜੋ ਬਾਪ ਦੇ ਨਾਲ ਹਨ ਉਹਨਾਂ ਦੇ ਲਈ ਇਹ ਗਿਆਨ ਬਰਸਾਤ ਹੈ। ਵੇਦ ਸ਼ਾਸਤਰਾਂ ਵਿੱਚ ਜੋ ਗਿਆਨ ਹੈ ਉਹ ਸਭ ਹੈ ਭਗਤੀ ਮਾਰਗ ਦੀ ਸਮਗ੍ਰੀ। ਜਪ, ਤਪ, ਦਾਨ, ਪੁੰਨ, ਸੰਧਿਆ, ਗਾਯਤ੍ਰੀ ਆਦਿ ਜੋ ਕੁਝ ਕਰਦੇ ਹਨ ਉਹ ਸਭ ਹੈ ਭਗਤੀ ਮਾਰਗ ਦੀ ਸਮਗ੍ਰੀ। ਸੰਨਿਆਸੀ ਵੀ ਭਗਤ ਹੋਏ। ਪਵਿੱਤਰਤਾ ਬਿਗਰ ਕੋਈ ਸ਼ਾਂਤੀਧਾਮ ਵਿੱਚ ਜਾ ਨਹੀਂ ਸਕਦੇ ਇਸਲਈ ਉਹ ਘਰਬਾਰ ਛੱਡ ਜਾਂਦੇ ਹਨ। ਪਰ ਸਾਰੀ ਦੁਨੀਆਂ ਤਾਂ ਇਵੇਂ ਨਹੀਂ ਕਰੇਗੀ। ਉਹਨਾਂ ਦੇ ਇਸ ਹਠਯੋਗ ਦੀ ਵੀ ਡਰਾਮੇ ਵਿੱਚ ਨੂੰਧ ਹੈ। ਤੁਹਾਨੂੰ ਬੱਚਿਆਂ ਨੂੰ ਰਾਜਯੋਗ ਸਿਖਾਉਣ ਕਲਪ - ਕਲਪ ਇੱਕ ਹੀ ਵਾਰ ਆਉਂਦਾ ਹਾਂ। ਮੇਰਾ ਹੋਰ ਕੋਈ ਅਵਤਾਰ ਹੁੰਦਾ ਨਹੀਂ ਹੈ। ਰੀਇੰਕਾਰਨੇਸ਼ਨ ਆਫ਼ ਗੋਡ। ਉਹ ਹੋਇਆ ਉੱਚ ਤੇ ਉੱਚ। ਫਿਰ ਰੀਇੰਕਾਰਨੇਸ਼ਨ ਆਫ਼ ਜਗਤ ਅੰਬਾ ਅਤੇ ਜਗਤ ਪਿਤਾ ਵੀ ਜਰੂਰ ਹੋਣੇ ਚਾਹੀਦੇ ਹਨ। ਅਸਲ ਵਿੱਚ ਰੀਇੰਕਾਰਨੇਸ਼ਨ ਅੱਖਰ ਸਿਰਫ਼ ਬਾਪ ਨਾਲ ਹੀ ਲੱਗਦਾ ਹੈ। ਸਦਗਤੀ ਦਾਤਾ ਇੱਕ ਹੀ ਬਾਪ ਹੈ। ਉਵੇਂ ਤਾਂ ਹਰ ਇੱਕ ਚੀਜ਼ ਫਿਰ ਤੋਂ ਰੀਇੰਕਾਰਨੇਟ ਹੁੰਦੀ ਹੈ। ਜਿਵੇਂ ਹੁਣ ਭ੍ਰਿਸ਼ਟਾਚਾਰ ਹੈ ਤਾਂ ਕਹਾਂਗੇ ਭ੍ਰਿਸ਼ਟਾਚਾਰ ਰੀਇੰਕਾਰਨੇਟ ਹੋਇਆ ਹੈ। ਫਿਰ ਤੋਂ ਸ਼੍ਰੇਸਠਾਚਾਰ ਆਏਗਾ। ਰੀਇਨਕਾਰਨੇਟ ਤਾਂ ਹਰ ਚੀਜ਼ ਦਾ ਹੁੰਦਾ ਹੈ। ਹੁਣ ਪੁਰਾਣੀ ਦੁਨੀਆਂ ਹੈ ਫਿਰ ਨਵੀਂ ਦੁਨੀਆਂ ਆਏਗੀ। ਨਵੀਂ ਦੁਨੀਆਂ ਦੇ ਬਾਅਦ ਕਹਾਂਗੇ ਫਿਰ ਤੋਂ ਪੁਰਾਣੀ ਦੁਨੀਆਂ ਆਵੇਗੀ। ਇਹ ਸਭ ਗੱਲਾਂ ਬਾਪ ਬੈਠ ਸਮਝਾਉਂਦੇ ਹਨ। ਜਦੋਂ ਇੱਥੇ ਬੈਠਦੇ ਹੋ ਤਾਂ ਹਮੇਸ਼ਾ ਇਵੇਂ ਸਮਝੋ - ਮੈਂ ਆਤਮਾ ਹਾਂ, ਮੈਨੂੰ ਬਾਪ ਦਾ ਫ਼ਰਮਾਨ ਮਿਲਿਆ ਹੋਇਆ ਹੈ ਮੈਨੂੰ ਯਾਦ ਕਰੋ। ਬੱਚਿਆਂ ਦੇ ਸਿਵਾਏ ਤਾਂ ਹੋਰ ਕੋਈ ਨੂੰ ਬਾਪ ਦਾ ਫ਼ਰਮਾਨ ਮਿਲ ਨਾ ਸਕੇ। ਫਿਰ ਬੱਚਿਆਂ ਵਿੱਚ ਤੇ ਕੋਈ ਤਾਂ ਆਗਿਆਕਾਰੀ ਹੁੰਦੇ ਹਨ, ਕਈ ਆਗਿਆ ਨਾ ਮੰਨਣ ਵਾਲੇ ਵੀ ਹੁੰਦੇ ਹਨ, ਬਾਪ ਕਹਿੰਦੇ ਹਨ - ਹੇ ਆਤਮਾਓ, ਤੁਸੀਂ ਮੇਰੇ ਨਾਲ ਬੁੱਧੀ ਦਾ ਯੋਗ ਲਗਾਵੋ। ਬਾਪ ਆਤਮਾਵਾਂ ਨਾਲ ਗੱਲ ਕਰਦੇ ਹਨ, ਹੋਰ ਹੋਈ ਵਿਦਵਾਨ - ਪੰਡਿਤ ਆਦਿ ਇਵੇਂ ਨਹੀਂ ਕਹਿਣਗੇ ਕਿ ਮੈਂ ਆਤਮਾਵਾਂ ਨਾਲ ਗੱਲ ਕਰਦਾ ਹਾਂ। ਉਹ ਤੇ ਆਤਮਾ ਸੋ ਪਰਮਾਤਮਾ ਸਮਝ ਲੈਂਦੇ ਹਨ। ਉਹ ਹੈ ਰਾਂਗ। ਤੁਸੀਂ ਬੱਚੇ ਜਾਣਦੇ ਹੋ ਕਿ ਸ਼ਿਵਬਾਬਾ ਇਸ ਸ਼ਰੀਰ ਦਵਾਰਾ ਸਾਨੂੰ ਸਮਝਾ ਰਹੇ ਹਨ। ਸ਼ਰੀਰ ਬਿਗਰ ਤਾਂ ਐਕਟ ਹੋ ਨਾ ਸਕੇ। ਪਹਿਲੇ - ਪਹਿਲੇ ਤੇ ਇਹ ਨਿਸ਼ਚੇ ਚਾਹੀਦਾ ਹੈ। ਨਿਸ਼ਚੇ ਬਿਗਰ ਤਾਂ ਕੁਝ ਵੀ ਬੁੱਧੀ ਵਿੱਚ ਨਹੀਂ ਬੈਠੇਗਾ। ਪਹਿਲੇ ਨਿਸ਼ਚੇ ਚਾਹੀਦਾ ਹੈ ਕਿ ਅਸੀਂ ਆਤਮਾਵਾਂ ਦਾ ਬਾਪ ਉਹ ਨਿਰਾਕਾਰ ਪਰਮਪਿਤਾ ਪਰਮਾਤਮਾ ਹੈ ਅਤੇ ਸਾਕਾਰ ਵਿੱਚ ਹੈ ਪ੍ਰਜਾਪਿਤਾ ਬ੍ਰਹਮਾ, ਅਸੀਂ ਹਾਂ ਬ੍ਰਹਮਾਕੁਮਾਰ - ਕੁਮਾਰੀਆਂ। ਸ਼ਿਵ ਦੇ ਤੇ ਸਭ ਆਤਮਾਵਾਂ ਬੱਚੇ ਹਨ ਇਸਲਈ ਸ਼ਿਵਕੁਮਾਰ ਕਹਾਂਗੇ, ਕੁਮਾਰੀ ਨਹੀਂ, ਇਹ ਸਭ ਗੱਲਾਂ ਧਾਰਨ ਕਰਨੀਆਂ ਹਨ। ਧਾਰਨਾ ਉਦੋਂ ਹੋਵੇਗੀ ਜਦੋਂ ਨਿਰੰਤਰ ਯਾਦ ਕਰਦੇ ਰਹਿਣਗੇ। ਯਾਦ ਕਰਨ ਨਾਲ ਹੀ ਬੁੱਧੀ ਰੂਪੀ ਬਰਤਨ ਸ਼ੁੱਧ ਹੋਵੇਗਾ। ਵਾਹਯਾਤ ਗੱਲਾਂ ਸੁਣਦੇ - ਸੁਣਦੇ ਬਰਤਨ ਅਸ਼ੁੱਧ ਬਣ ਗਿਆ ਹੈ, ਉਸਨੂੰ ਸ਼ੁੱਧ ਬਣਾਉਣਾ ਹੈ। ਬਾਪ ਦਾ ਫ਼ਰਮਾਨ ਹੈ ਮੈਨੂੰ ਯਾਦ ਕਰੋ ਤਾਂ ਤੁਹਾਡੀ ਬੁੱਧੀ ਪਵਿੱਤਰ ਹੋਵੇਗੀ। ਤੁਹਾਡੀ ਆਤਮਾ ਵਿੱਚ ਖਾਦ ਪੈ ਗਈ ਹੈ, ਹੁਣ ਪਵਿੱਤਰ ਬਣਨਾ ਹੈ। ਸੰਨਿਆਸੀ ਕਹਿੰਦੇ ਹਨ ਆਤਮਾ ਨਿਰਲੇਪ ਹੈ। ਬਾਪ ਕਹਿੰਦੇ ਹਨ ਆਤਮਾ ਵਿੱਚ ਹੀ ਖਾਦ ਪੈਂਦੀ ਹੈ। ਸ਼੍ਰੀਕ੍ਰਿਸ਼ਨ ਦੀ ਆਤਮਾ ਅਤੇ ਸ਼ਰੀਰ ਦੋਵੇ ਪਵਿੱਤਰ ਹਨ। ਦੋਨੋਂ ਪਵਿੱਤਰ ਸਿਰਫ਼ ਸਤਿਯੁਗ ਵਿੱਚ ਹੀ ਹੁੰਦੇ ਹਨ। ਇੱਥੇ ਤੇ ਹੋ ਨਹੀਂ ਸਕਦੇ। ਤੁਸੀਂ ਆਤਮਾਵਾਂ ਨੰਬਰਵਾਰ ਪਵਿੱਤਰ ਹੁੰਦੀਆਂ ਜਾਂਦੀਆਂ ਹੋ। ਹਾਲੇ ਪਵਿੱਤਰ ਬਣੀਆਂ ਨਹੀਂ ਹਨ। ਕੋਈ ਵੀ ਪਵਿੱਤਰ ਨਹੀਂ ਹੈ। ਸਭ ਪੁਰਸ਼ਾਰਥ ਕਰ ਰਹੇ ਹਨ। ਅੰਤ ਵਿੱਚ ਨੰਬਰਵਾਰ ਸਭਦੀ ਰਿਜ਼ਲਟ ਨਿਕਲੇਗੀ।

ਬਾਪ ਆਕੇ ਸਭ ਆਤਮਾਵਾਂ ਨੂੰ ਫ਼ਰਮਾਨ ਕਰਦੇ ਹਨ ਕਿ ਮੈਨੂੰ ਯਾਦ ਕਰੋ, ਆਪਣੇ ਨੂੰ ਅਸ਼ਰੀਰੀ ਸਮਝੋ, ਦੇਹੀ - ਅਭਿਮਾਨੀ ਬਣੋ। ਮੂਲ

ਇਹ ਗੱਲ ਬਾਪ ਬਿਗਰ ਕੋਈ ਸਮਝਾ ਨਹੀਂ ਸਕਦੇ। ਪਹਿਲੇ ਇਹ ਪੂਰਾ ਨਿਸ਼ਚੇ ਹੋਵੇਗਾ ਤਾਂ ਵਿਜੇ ਪਾਉਣਗੇ। ਨਿਸ਼ਚੇ ਨਹੀਂ ਹੋਵੇਗਾ ਤਾਂ ਵਿਜੇ ਨਹੀਂ ਪਾਉਣਗੇ। ਨਿਸ਼ਚੇ ਬੁੱਧੀ ਵਿਜਯੰਤੀ, ਸੰਸ਼ੇ ਬੁੱਧੀ ਵਿਨਸ਼ਯੰਤੀ। ਗੀਤਾ ਵਿੱਚ ਕੋਈ - ਕੋਈ ਅੱਖਰ ਬਹੁਤ ਵਧੀਆ ਹਨ। ਇਸਨੂੰ ਕਿਹਾ ਜਾਂਦਾ ਹੈ ਆਟੇ ਵਿੱਚ ਨਮਕ। ਬਾਪ ਕਹਿੰਦੇ ਹਨ ਮੈਂ ਤੁਹਾਨੂੰ ਸਭ ਵੇਦਾਂ ਸ਼ਾਸਤਰਾਂ ਦਾ ਸਾਰ ਸਮਝਾਉਂਦਾ ਹਾਂ ਕਿ ਇਹਨਾਂ ਵਿੱਚ ਕੀ - ਕੀ ਹੈ? ਇਹ ਸਭ ਹਨ ਭਗਤੀਮਾਰਗ ਦੇ ਰਸਤੇ। ਇਹਨਾਂ ਦੀ ਵੀ ਡਰਾਮੇ ਵਿੱਚ ਨੂੰਧ ਹੈ। ਇਹ ਪ੍ਰਸ਼ਨ ਨਹੀਂ ਉੱਠ ਸਕਦਾ ਕਿ ਇਹ ਭਗਤੀਮਾਰਗ ਕਿਉਂ ਬਣਾਇਆ ਹੋਇਆ ਹੈ? ਇਹ ਤੇ ਅਨਾਦਿ ਬਣਿਆ ਬਣਾਇਆ ਡਰਾਮਾ ਹੈ। ਤੁਸੀਂ ਵੀ ਇਸ ਡਰਾਮੇ ਵਿੱਚ ਬਾਪ ਕੋਲੋਂ ਸਵਰਗ ਦੇ ਮਾਲਿਕ ਬਣਨ ਦਾ ਵਰਸਾ ਅਨੇਕ ਵਾਰ ਲਿਆ ਹੈ ਅਤੇ ਲੈਂਦੇ ਰਹੋਗੇ। ਕਦੀ ਅੰਤ ਨਹੀਂ ਹੋ ਸਕਦਾ। ਇਹ ਚੱਕਰ ਅਨਾਦਿ ਫਿਰਦਾ ਹੀ ਰਹਿੰਦਾ ਹੈ। ਤੁਸੀਂ ਬੱਚੇ ਹੁਣ ਦੁੱਖਧਾਮ ਵਿੱਚ ਹੋ ਫਿਰ ਸ਼ਾਂਤੀਧਾਮ ਵਿੱਚ ਜਾਓਗੇ, ਸ਼ਾਂਤੀਧਾਮ ਤੋਂ ਸੁਖਧਾਮ ਵਿੱਚ ਜਾਓਗੇ ਫਿਰ ਦੁੱਖਧਾਮ ਵਿੱਚ ਆਓਗੇ - ਇਹ ਅਨਾਦਿ ਚੱਕਰ ਚਲਦਾ ਹੀ ਰਹਿੰਦਾ ਹੈ। ਸੁਖਧਾਮ ਤੋਂ ਦੁੱਖਧਾਮ ਆਉਣ ਵਿੱਚ ਤੁਸੀਂ ਬੱਚਿਆਂ ਨੂੰ 5 ਹਜ਼ਾਰ ਵਰ੍ਹੇ ਲੱਗਦੇ ਹਨ। ਜਿਸਨਾਲ ਤੁਸੀਂ 84 ਜਨਮ ਲੈਂਦੇ ਹੋ। ਸਿਰਫ਼ ਤੁਸੀਂ ਬੱਚੇ ਹੀ 84 ਜਨਮ ਲੈਂਦੇ ਹੋ, ਸਭ ਨਹੀਂ ਲੈ ਸਕਦੇ। ਇਹ ਬੇਹੱਦ ਦਾ ਬਾਪ ਤੁਹਾਨੂੰ ਡਾਇਰੈਕਟ ਸਮਝਾ ਰਹੇ ਹਨ, ਅਤੇ ਬੱਚੇ ਫਿਰ ਮੁਰਲੀ ਸੁਣਨਗੇ ਅਤੇ ਪੜ੍ਹਨਗੇ ਜਾਂ ਟੇਪ ਸੁਣਨਗੇ। ਟੇਪ ਵੀ ਸਭ ਨਹੀਂ ਸੁਣ ਸਕਦੇ। ਤਾਂ ਪਹਿਲੇ - ਪਹਿਲੇ ਤੁਹਾਨੂੰ ਬੱਚਿਆਂ ਨੂੰ ਉੱਠਦੇ - ਬੈਠਦੇ ਇਸ ਯਾਦ ਵਿੱਚ ਰਹਿਣਾ ਹੈ। ਮਨੁੱਖ ਤੇ ਮਾਲਾ ਫੇਰਦੇ ਰਾਮ - ਰਾਮ ਜੱਪਦੇ ਹਨ। ਰੁਦਰਾਕਸ਼ ਦੀ ਮਾਲਾ ਕਹਿੰਦੇ ਹਨ ਨਾ। ਹੁਣ ਰੁੱਦ੍ਰ ਤੇ ਹੈ ਭਗਵਾਨ। ਫਿਰ ਇਸ ਮਾਲਾ ਵਿੱਚ ਮੇਰੁ ਦਾਣਾ ਇਕੱਠਾ ਹੈ। ਉਹ ਤਾਂ ਵਿਸ਼ਨੂੰ ਦੇ ਯੁਗਲ ਸਵਰੂਪ ਹਨ। ਉਹ ਕੌਣ ਹਨ? ਇਹ ਮਾਤ - ਪਿਤਾ ਜੋ ਫਿਰ ਵਿਸ਼ਨੂੰ ਦੇ ਦੋ ਰੂਪ ਲਕਸ਼ਮੀ -ਨਾਰਾਇਣ ਬਣਦੇ ਹਨ ਇਸਲਈ ਮੇਰੂ ਕਿਹਾ ਜਾਂਦਾ ਹੈ। ਫੁੱਲ ਹੈ ਸ਼ਿਵਬਾਬਾ ਫਿਰ ਮੇਰੂ ਇਹ ਮੰਮਾ -ਬਾਬਾ ਜਿਨ੍ਹਾਂ ਨੂੰ ਮਾਤ - ਪਿਤਾ ਕਹਿੰਦੇ ਹੋ। ਵਿਸ਼ਨੂੰ ਨੂੰ ਮਾਤ -ਪਿਤਾ ਨਹੀਂ ਕਹਿ ਸਕੋਂਗੇ। ਲਕਸ਼ਮੀ - ਨਾਰਾਇਣ ਨੂੰ ਮਾਤ - ਪਿਤਾ ਤੇ ਉਹਨਾਂ ਦੇ ਬੱਚੇ ਹੀ ਕਹਿਣਗੇ। ਅੱਜਕਲ ਤੇ ਸਭਦੇ ਅੱਗੇ ਜਾਕੇ ਕਹਿੰਦੇ ਹਨ ਤਵਮੇਵ ਮਾਤਾਸ਼ ਚ ਪਿਤਾ...ਬਸ, ਕਿਸੇ ਇੱਕ ਨੇ ਮਹਿਮਾ ਕੀਤੀ ਤਾਂ ਉਹਨਾਂ ਦੇ ਪਿੱਛੇ ਫਾਲੋ ਕਰਨ ਲਗ ਜਾਂਦੇ ਹਨ। ਇਹ ਹੈ ਹੀ ਅਨਰਾਈਟਿਅਸ ਦੁਨੀਆਂ। ਕਲਿਯੁਗ ਨੂੰ ਕਿਹਾ ਜਾਂਦਾ ਹੈ ਅਨਰਾਇਟਿਅਸ, ਸਤਿਯੁਗ ਨੂੰ ਕਿਹਾ ਜਾਂਦਾ ਹੈ ਰਾਈਟਿਅਸ। ਉੱਥੇ ਆਤਮਾ ਅਤੇ ਸ਼ਰੀਰ ਦੋਵੇਂ ਪਵਿੱਤਰ ਹੁੰਦੇ ਹਨ। ਸਤਿਯੁਗ ਵਿੱਚ ਸ਼੍ਰੀਕ੍ਰਿਸ਼ਨ ਗੋਰਾ ਹੈ, ਫਿਰ ਅੰਤਿਮ ਜਨਮ ਵਿੱਚ ਉਹਨਾਂ ਦੀ ਆਤਮਾ ਸਾਂਵਰੀ ਬਣੀ ਹੈ। ਇਹ ਬ੍ਰਹਮਾ - ਸਰਸਵਤੀ ਇਸ ਸਮੇਂ ਸਾਂਵਰੇ ਹਨ ਨਾ। ਆਤਮਾ ਕਾਲੀ ਬਣ ਗਈ ਹੈ ਤਾਂ ਉਹਨਾਂ ਦਾ ਜੇਵਰ ਵੀ ਕਾਲਾ ਬਣ ਗਿਆ ਹੈ। ਸੋਨੇ ਵਿੱਚ ਹੀ ਖਾਦ ਪੈਂਦੀ ਹੈ, ਉਸ ਨਾਲ ਜੇਵਰ ਵੀ ਜੋ ਬਣਦਾ ਹੈ ਉਹ ਖਾਦ ਵਾਲਾ। ਸਤਿਯੁਗ ਵਿੱਚ ਜਦੋਂ ਦੇਵੀ - ਦੇਵਤਾਵਾਂ ਦੀ ਗੌਰਮਿੰਟ ਹੈ ਤਾਂ ਇਹ ਝੂਠ (ਖਾਦ) ਹੁੰਦੀ ਨਹੀਂ। ਉੱਥੇ ਤੇ ਸੋਨੇ ਦੇ ਮਹਿਲ ਬਣਦੇ ਹਨ। ਭਾਰਤ ਸੋਨੇ ਦੀ ਚਿੜੀਆਂ ਸੀ, ਹੁਣ ਤਾਂ ਮੁਲੰਮਾ ਹੈ। ਅਜਿਹੇ ਭਾਰਤ ਨੂੰ ਫਿਰ ਤੋਂ ਸਵਰਗ ਬਾਪ ਹੀ ਬਣਾ ਰਹੇ ਹਨ।

ਬਾਪ ਸਮਝਾਉਂਦੇ ਹਨ, ਸ਼੍ਰੀਮਤ ਭਗਵਾਨੁਵਾਚ ਹੈ ਨਾ। ਸ਼੍ਰੀਕ੍ਰਿਸ਼ਨ ਤਾਂ ਦੇਵੀਗੁਣਾਂ ਵਾਲਾ ਹੈ, ਦੋ ਬਾਹਵਾਂ, ਦੋ ਟੰਗਾਂ ਵਾਲਾ ਹੈ। ਚਿਤਰਾਂ ਵਿੱਚ ਤਾਂ ਕਿਤੇ ਨਾਰਾਇਣ ਨੂੰ, ਕਿਤੇ ਲਕਸ਼ਮੀ ਨੂੰ 4 ਬਾਹਵਾਂ ਦਿੱਤੀਆਂ ਹਨ। ਸਮਝਦੇ ਕੁਝ ਵੀ ਨਹੀਂ। 'ਓਮ' ਅੱਖਰ ਵੀ ਕਹਿੰਦੇ ਹਨ। ਓਮ ਦਾ ਅਰਥ ਦੱਸਦੇ ਹਨ - ਓਮ ਮਾਨਾ ਮੈਂ ਗੌਡ, ਜਿਧਰ ਵੇਖਦਾ ਹਾਂ ਗੌਡ ਹੀ ਗੌਡ ਹੈ। ਪਰ ਇਹ ਤਾਂ ਰਾਂਗ ਹੈ। ਓਮ ਮਾਨਾ ਅਹਿਮ ਆਤਮਾ। ਬਾਪ ਵੀ ਕਹਿੰਦੇ ਹਨ ਅਹਿਮ ਆਤਮਾ ਪਰ ਮੈਂ ਸੁਪ੍ਰੀਮ ਹਾਂ ਇਸਲਈ ਮੈਨੂੰ ਪਰਮਾਤਮਾ ਕਿਹਾ ਜਾਂਦਾ ਹੈ। ਮੈਂ ਪਰਮਧਾਮ ਵਿੱਚ ਰਹਿੰਦਾ ਹਾਂ। ਉੱਚੇ ਤੇ ਉਚਾ ਭਗਵਾਨ ਫਿਰ ਸੂਕਸ਼੍ਮਵਤਨ ਵਿੱਚ ਬ੍ਰਹਮਾ - ਵਿਸ਼ਨੂੰ - ਸ਼ੰਕਰ ਦੀ ਆਤਮਾ ਹੈ। ਫਿਰ ਥੱਲੇ ਆਓ ਤਾਂ ਇਹ ਮਨੁੱਖ ਲੋਕ ਹੈ। ਉਹ ਦੈਵੀ ਲੋਕ, ਉਹ ਆਤਮਾਵਾਂ ਦਾ ਲੋਕ ਜਿਸਨੂੰ ਮੂਲਵਤਨ ਕਿਹਾ ਜਾਂਦਾ ਹੈ। ਇਹ ਗੱਲਾਂ ਸਮਝਣ ਦੀਆਂ ਹਨ। ਤੁਸੀਂ ਬੱਚਿਆਂ ਨੂੰ ਇਹ ਅਵਿਨਾਸ਼ੀ ਗਿਆਨ ਰਤਨਾਂ ਦਾ ਦਾਨ ਮਿਲਦਾ ਹੈ ਜਿਸਨਾਲ ਤੁਸੀਂ ਭਵਿੱਖ ਵਿੱਚ ਮਾਲਾਮਾਲ ਡਬਲ ਸਿਰਤਾਜ ਬਣਦੇ ਹੋ। ਦੇਖੋ, ਸ਼੍ਰੀਕ੍ਰਿਸ਼ਨ ਨੂੰ ਦੋਵੇ ਤਾਜ ਹਨ। ਫਿਰ ਉਹ ਹੀ ਬੱਚਾ ਚੰਦਰਵੰਸ਼ੀ ਵਿੱਚ ਆਉਂਦਾ ਹੈ ਤਾਂ ਦੋ ਕਲਾ ਘੱਟ ਹੋ ਜਾਂਦੀਆਂ ਹਨ। ਫਿਰ ਵੈਸ਼ ਵੰਸ਼ੀ ਵਿੱਚ ਆਉਣਗੇ ਤਾਂ ਹੋਰ 4 ਕਲਾ ਘਟ ਹੋ ਜਾਣਗੀਆਂ। ਫਿਰ ਲਾਇਟ ਦਾ ਤਾਜ ਉੱਡ ਜਾਏਗਾ। ਬਾਕੀ ਰਤਨ ਜੜਿਤ ਤਾਜ ਰਹੇਗਾ। ਫਿਰ ਜੋ ਚੰਗਾ ਦਾਨ -ਪੁੰਨ ਕਰਦੇ ਹਨ, ਉਹਨਾਂ ਨੂੰ ਇੱਕ ਜਨਮ ਦੇ ਲਈ ਚੰਗੀ ਰਾਜਾਈ ਮਿਲਦੀ ਹੈ। ਫਿਰ ਦੂਸਰੇ ਜਨਮ ਵਿੱਚ ਵੀ ਚੰਗਾ ਦਾਨ - ਪੁੰਨ ਕੀਤਾ ਤਾਂ ਫਿਰ ਵੀ ਰਾਜਾਈ ਮਿਲ ਸਕਦੀ ਹੈ। ਇੱਥੇ ਤਾਂ ਤੁਸੀ 21 ਜਨਮਾਂ ਦੇ ਲਈ ਰਾਜਾਈ ਪਾ ਸਕਦੇ ਹੋ, ਮਿਹਨਤ ਕਰਨੀ ਪੈਂਦੀ ਹੈ। ਤਾਂ ਬਾਪ ਆਪਣਾ ਪਰਿਚੇ ਦਿੰਦੇ ਹਨ, ਕਹਿੰਦੇ ਹਨ - ਆਈ ਏਮ ਸੁਪ੍ਰੀਮ ਸੋਲ ਇਸਲਈ ਉਹਨਾਂ ਨੂੰ ਪਰਮਪਿਤਾ ਪਰਮਆਤਮਾ ਮਤਲਬ ਪਰਮਾਤਮਾ ਕਿਹਾ ਜਾਂਦਾ ਹੈ। ਤੁਸੀਂ ਬੱਚੇ ਉਸ ਸੁਪ੍ਰੀਮ ਸੋਲ ਨੂੰ ਯਾਦ ਕਰਦੇ ਹੋ। ਤੁਸੀਂ ਹੋ ਸਾਲੀਗ੍ਰਾਮ, ਉਹ ਹੈ ਸ਼ਿਵ। ਸ਼ਿਵ ਦਾ ਵੱਡਾ ਲਿੰਗ ਅਤੇ ਸ਼ਾਲੀਗ੍ਰਾਮ ਮਿੱਟੀ ਦੇ ਬਣਾਉਂਦੇ ਹਨ। ਇਹ ਕਿਹੜੀਆਂ ਆਤਮਾਵਾਂ ਦਾ ਯਾਦਗਾਰ ਬਣਾਉਂਦੇ ਹਨ, ਇਹ ਵੀ ਕੋਈ ਵੀ ਨਹੀਂ ਜਾਣਦੇ। ਤੁਸੀਂ ਸ਼ਿਵਬਾਬਾ ਦੇ ਬੱਚੇ ਭਾਰਤ ਨੂੰ ਸਵਰਗ ਬਣਾਉਂਦੇ ਹੋ ਇਸਲਈ ਤੁਹਾਡੀ ਪੂਜਾ ਹੁੰਦੀ ਹੈ। ਫਿਰ ਤੁਸੀਂ ਦੇਵਤਾ ਬਣਦੇ ਹੋ ਉਦੋਂ ਵੀ ਤੁਹਾਡੀ ਪੂਜਾ ਹੁੰਦੀ ਹੈ। ਸ਼ਿਵਬਾਬਾ ਦੇ ਨਾਲ ਤੁਸੀਂ ਇੰਨੀ ਸਰਵਿਸ ਕਰਦੇ ਹੋ ਇਸਲਈ ਸਾਲੀਗ੍ਰਾਮਾਂ ਦੀ ਵੀ ਪੂਜਾ ਹੁੰਦੀ ਹੈ। ਜੋ ਉੱਤਮ ਤੋਂ ਉੱਤਮ ਕਰਤਵ ਕਰਦੇ ਹਨ, ਉਹਨਾਂ ਦੀ ਹੀ ਪੂਜਾ ਹੁੰਦੀ ਹੈ ਅਤੇ ਕਲਿਯੁਗ ਵਿੱਚ ਜੋ ਚੰਗਾ ਕੰਮ ਕਰਦੇ ਹਨ ਉਹਨਾਂ ਦਾ ਯਾਦਗਾਰ ਬਣਾਉਂਦੇ ਹਨ। ਕਲਪ - ਕਲਪ ਬਾਪ ਤੁਹਾਨੂੰ ਬੱਚਿਆਂ ਨੂੰ ਸਾਰੇ ਸ੍ਰਿਸ਼ਟੀ ਦੇ ਚੱਕਰ ਦਾ ਰਾਜ਼ ਸਮਝਾਉਂਦੇ ਹਨ ਮਤਲਬ ਤੁਹਾਨੂੰ ਸਵਦਰਸ਼ਨ ਚੱਕਰਧਾਰੀ ਬਣਾਉਂਦੇ ਹਨ। ਸਵਦਰਸ਼ਨ ਚੱਕਰ ਵਿਸ਼ਨੂੰ ਨੂੰ ਨਹੀਂ ਹੋ ਸਕਦਾ, ਉਹ ਤਾਂ ਦੇਵਤਾ ਬਣ ਗਿਆ। ਇਹ ਗਿਆਨ ਸਾਰਾ ਤੁਹਾਨੂੰ ਹੈ। ਫਿਰ ਲਕਸ਼ਮੀ - ਨਾਰਾਇਣ ਬਣੋਗੇ ਤਾਂ ਇਹ ਗਿਆਨ ਨਹੀਂ ਰਹੇਗਾ। ਉੱਥੇ ਤਾਂ ਸਭ ਸਦਗਤੀ ਵਿੱਚ ਹੈ। ਤੁਸੀਂ ਬੱਚੇ ਇਹ ਗਿਆਨ ਹੁਣ ਹੀ ਸੁਣਦੇ ਹੋ ਫਿਰ ਰਾਜਾਈ ਪਾ ਲੈਂਦੇ ਹੋ।

ਸਵਰਗ ਦੀ ਸਥਾਪਨਾ ਹੋ ਗਈ ਫਿਰ ਗਿਆਨ ਦੀ ਲੋੜ ਨਹੀਂ ਰਹਿੰਦੀ।

ਬਾਪ ਹੀ ਆਕੇ ਆਪਣਾ ਅਤੇ ਰਚਨਾ ਦਾ ਪੂਰਾ ਪਰਿਚੇ ਦਿੰਦੇ ਹਨ। ਸੰਨਿਆਸੀਆਂ ਨੇ ਮਾਤਾਵਾਂ ਦੀ ਨਿੰਦਾ ਕੀਤੀ ਹੈ, ਪਰ ਬਾਪ ਆਕੇ ਮਾਤਾਵਾਂ ਨੂੰ ਉਠਾਉਂਦੇ ਹਨ। ਬਾਪ ਇਹ ਵੀ ਸਮਝਾਉਦੇ ਹੈ ਕਿ ਇਹ ਸੰਨਿਆਸੀ ਨਾ ਹੁੰਦੇ ਤਾਂ ਭਾਰਤ ਕਾਮ ਚਿਤਾ ਤੇ ਬੈਠ ਇਕਦਮ ਖ਼ਾਕ ਹੋ ਜਾਂਦਾ। ਜਦੋਂ ਦੇਵੀ - ਦੇਵਤਾ ਵਾਮ ਵਰਗ ਵਿੱਚ ਡਿੱਗਦੇ ਹਨ ਤਾਂ ਉਸ ਸਮੇਂ ਅਰਥਕਵੇਕ ਬੜੀ ਜ਼ੋਰ ਦੀ ਹੁੰਦੀ ਹੈ ਫਿਰ ਸਭ ਥੱਲੇ ਆ ਜਾਂਦਾ ਹੈ। ਅਤੇ ਖੰਡ ਆਦਿ ਤਾਂ ਹੁੰਦੇ ਨਹੀਂ, ਭਾਰਤ ਹੀ ਹੁੰਦਾ ਹੈ। ਇਸਲਾਮੀ ਆਦਿ ਤਾਂ ਪਿੱਛੇ ਆਉਂਦੇ ਹਨ ਤਾਂ ਫਿਰ ਉਹ ਸਤਿਯੁਗ ਦੀਆਂ ਚੀਜ਼ਾਂ ਇੱਥੇ ਰਹਿੰਦੀਆ ਨਹੀਂ।

ਤੁਸੀਂ ਤੇ ਸੋਮਨਾਥ ਦੇ ਮੰਦਿਰ ਦੇਖਦੇ ਹੋ ਉਹ ਕੋਈ ਬੈਕੁੰਠ ਦਾ ਨਹੀਂ ਹੈ। ਇਹ ਤਾਂ ਭਗਤੀ ਮਾਰਗ ਵਿੱਚ ਬਣਿਆ ਹੈ, ਜਿਸਨੂੰ ਮੁਹੰਮਦ ਆਦਿ ਨੇ ਲੁੱਟਿਆ। ਬਾਕੀ ਦੇਵਤਾਵਾਂ ਦੇ ਮਹਿਲ ਆਦਿ ਸਭ ਅਰਥਕਵੇਕ ਵਿੱਚ ਗਾਇਬ ਹੋ ਜਾਂਦੇ ਹਨ। ਇਵੇਂ ਨਹੀਂ ਕਿ ਮਹਿਲ ਦੇ ਮਹਿਲ ਥੱਲੇ ਗਏ ਹਨ ਉਹ ਹੀ ਫਿਰ ਉਪਰ ਆ ਜਾਣਗੇ। ਨਹੀਂ, ਉਹ ਤਾਂ ਅੰਦਰ ਹੀ ਟੁੱਟ ਫੁੱਟ ਜਾਂਦੇ ਹਨ। ਫਿਰ ਉਸ ਸਮੇਂ ਖੋਦਦੇ ਹਨ ਤਾਂ ਕੁਝ ਨਾ ਕੁਝ ਮਿਲਦਾ ਹੈ। ਹੁਣ ਤਾਂ ਕੁਝ ਵੀ ਨਹੀਂ ਮਿਲਦਾ ਹੈ। ਸ਼ਾਸਤਰਾਂ ਵਿੱਚ ਕੋਈ ਇਹ ਗੱਲਾਂ ਨਹੀਂ ਹਨ। ਸਦਗਤੀ ਦਾਤਾ ਹੈ ਹੀ ਇੱਕ ਬਾਪ। ਪਹਿਲੇ - ਪਹਿਲੇ ਤਾਂ ਇਹ ਨਿਸ਼ਚੇ ਚਾਹੀਦਾ ਹੈ। ਨਿਸ਼ਚੇ ਵਿੱਚ ਹੀ ਮਾਇਆ ਵਿਘਣ ਪਾਉਂਦੀ ਹੈ। ਕਹਿੰਦੇ ਹਨ ਭਗਵਾਨ ਕਿਵੇਂ ਆਏਗਾ? ਅਰੇ, ਸ਼ਿਵ ਜਯੰਤੀ ਹੈ ਤਾਂ ਜਰੂਰ ਆਏ ਹੋਣਗੇ। ਬਾਪ ਨੇ ਸਮਝਾਇਆ ਹੈ ਮੈਂ ਬੇਹੱਦ ਦੇ ਦਿਨ ਅਤੇ ਬੇਹੱਦ ਦੀ ਰਾਤ ਦੇ ਸੰਗਮ ਤੇ ਆਉਦਾ ਹਾਂ। ਇਹ ਕੋਈ ਨਹੀਂ ਜਾਣਦੇ ਕਿ ਕਿਸ ਸਮੇਂ ਆਉਂਦਾ ਹਾਂ? ਤੁਸੀਂ ਬੱਚੇ ਜਾਣਦੇ ਹੋ। ਬਾਪ ਨੇ ਹੀ ਇਹ ਨਾਲੇਜ਼ ਦਿਤੀ ਹੈ ਅਤੇ ਦਿਵਯ ਦ੍ਰਿਸ਼ਟੀ ਨਾਲ ਇਹ ਚਿਤਰ ਆਦਿ ਬਣਵਾਏ ਹਨ। ਗੀਤਾ ਵਿੱਚ ਵੀ ਕਲਪ ਵਰੀਕ੍ਸ਼ ਦਾ ਕੁਝ ਨਾ ਕੁਝ ਵਰਨਣ ਹੈ। ਬੱਚਿਆਂ ਨੂੰ ਕਹਿੰਦੇ ਹਨ ਅਸੀਂ ਤੁਸੀਂ ਹੁਣ ਹਾਂ, ਕਲਪ ਪਹਿਲੇ ਵੀ ਸੀ ਅਤੇ ਫਿਰ ਕਲਪ - ਕਲਪ ਮਿਲਦੇ ਰਹਾਂਗੇ। ਮੈਂ ਕਲਪ - ਕਲਪ ਤੁਹਾਨੂੰ ਇਹ ਗਿਆਨ ਦਵਾਂਗਾ। ਤਾਂ ਚੱਕਰ ਵੀ ਸਿੱਧ ਹੁੰਦਾ ਹੈ। ਪਰ ਤੁਹਾਡੇ ਸਿਵਾਏ ਕੋਈ ਸਮਝ ਨਾ ਸਕੇ। ਇਹ ਸਾਰੇ ਸ੍ਰਿਸ਼ਟੀ ਚੱਕਰ ਦਾ ਚਿੱਤਰ ਹੈ, ਜਰੂਰ ਕਿਸੇ ਨੇ ਬਣਵਾਇਆ ਹੈ। ਬਾਪ ਵੀ ਇਸ ਤੇ, ਬੱਚੇ ਵੀ ਇਸ ਤੇ ਸਮਝਾਉਂਦੇ ਹਨ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਹਰ ਗੱਲ ਵਿੱਚ ਵਿਜੇ ਦਾ ਆਧਾਰ ਨਿਸ਼ਚੇ ਹੈ ਇਸਲਈ ਨਿਸ਼ਚੇਬੁੱਧੀ ਜਰੂਰ ਬਣਨਾ ਹੈ। ਸਦਗਤੀ ਦਾਤਾ ਬਾਪ ਤੇ ਕਦੀ ਸੰਸ਼ੇ ਨਹੀਂ ਉਠਾਉਣਾ ਹੈ।

2. ਬੁੱਧੀ ਨੂੰ ਪਵਿੱਤਰ ਅਤੇ ਸ਼ੁੱਧ ਬਣਾਉਣ ਦੇ ਲਈ ਅਸ਼ਰੀਰੀ ਬਣਨ ਦਾ ਅਭਿਆਸ ਕਰਨਾ ਹੈ। ਵਾਹਯਾਤ (ਵਿਅਰਥ) ਗੱਲਾਂ ਨਾ ਸੁਣਨੀਆਂ ਹਨ, ਨਾ ਸੁਣਾਉਣੀਆਂ ਹਨ।

ਵਰਦਾਨ:- ਬੇਹੱਦ ਦੀ ਸਮ੍ਰਿਤੀ ਸਵਰੂਪ ਦਵਾਰਾ ਹੱਦ ਦੀਆਂ ਗੱਲਾਂ ਨੂੰ ਸਮਾਪਤ ਕਰਨ ਵਾਲੇ ਅਨੁਭਵੀ ਮੂਰਤ ਭਵ

ਤੁਸੀਂ ਸ੍ਰੇਸ਼ਠ ਆਤਮਾਵਾਂ ਡਾਇਰੈਕਟ ਬੀਜ਼ ਅਤੇ ਮੁਖ ਦੋ ਪੱਤੇ, ਤ੍ਰਿਮੂਰਤੀ ਦੇ ਨਾਲ ਸਮੀਪ ਸੰਬੰਧ ਵਾਲੇ ਤਨੇ ਹੋ। ਇਸ ਉੱਚੀ ਸਟੇਜ ਤੇ ਸਥਿਤ ਰਹੋ, ਬੇਹੱਦ ਦੀ ਸਮ੍ਰਿਤੀ ਸਵਰੂਪ ਬਣੋ ਤਾਂ ਹੱਦ ਦੀਆਂ ਵਿਅਰਥ ਗੱਲਾਂ ਸਮਾਪਤ ਹੋ ਜਾਣਗੀਆਂ। ਆਪਣੇ ਬੇਹੱਦ ਦੇ ਬਜ਼ੁਰਗਪਨ ਵਿੱਚ ਆਓ ਤਾਂ ਸਦਾ ਸਰਵ ਅਨੁਭਵੀਮੂਰਤ ਹੋ ਜਾਵੋਗੇ। ਜੋ ਬੇਹੱਦ ਦੇ ਪੂਰਵਜਪਨ ਦਾ ਆਕੂਪੇਸ਼ਨ ਹੈ, ਉਸਦੀ ਸਦਾ ਸਮ੍ਰਿਤੀ ਵਿੱਚ ਰੱਖੋ, ਤੁਸੀਂ ਪੂਰਵਜਾਂ ਦਾ ਕੰਮ ਹੈ ਅਮਰ ਜਯੋਤੀ ਬਣ ਹਨ੍ਹੇਰੇ ਵਿੱਚ ਭਟਕਦੀਆਂ ਹੋਈਆਂ ਆਤਮਾਵਾਂ ਨੂੰ ਠਿਕਾਣੇ ਤੇ ਲਗਾਉਣਾ।

ਸਲੋਗਨ:- ਕਿਸੇ ਵੀ ਗੱਲ ਵਿੱਚ ਮੂੰਝਨ ਦੇ ਬਜਾਏ ਮੋਜ਼ ਦਾ ਅਨੁਭਵ ਕਰਨਾ ਹੀ ਮਸਤ ਯੋਗੀ ਬਣਨਾ ਹੈ।

******